## ਅਗਾਊਂ ਸੰਭਾਲ ਯੋਜਨਾ (ਐਡਵਾਂਸ ਕੇਅਰ ਪਲੈਨਿੰਗ) ਦਸਤਾਵੇਜ਼, ਜੋ ਆਮ ਤੌਰ ਤੇ ਕੁਈਨਜ਼ਲੈਂਡ ਵਿੱਚ ਵਰਤੇ ਜਾਂਦੇ ਹਨ

### ਅਗਾਊਂ ਸਿਹਤ ਨਿਰਦੇਸ਼ (ਐਡਵਾਂਸ ਹੈਲਥ ਡਾਇਰੈਕਟਿਵ) (Advance Health Directive)

ਇਹ ਇਕ ਕਾਨੂੰਨੀ ਦਸਤਾਵੇਜ਼ ਹੈ, ਜੋ ਤੁਹਾਡੇ ਫੈਸਲਿਆਂ ਨੂੰ ਬਿਆਨ ਕਰਦਾ ਹੈ, ਅਤੇ ਵਿਸ਼ੇਸ਼ ਸਥਿਤੀਆਂ ਵਿੱਚ ਤੁਹਾਡੀ ਭਵਿੱਖ ਦੀ ਸਿਹਤ ਸੰਭਾਲ ਨੂੰ ਅਜਿਹੇ ਸਮੇਂ ਨਿਰਦੇਸ਼ਤ ਕਰਦਾ ਹੈ, ਜਦੋਂ ਤੁਸੀਂ ਫੈਸਲੇ ਲੈਣ ਅਤੇ ਗੱਲਬਾਤ ਕਰਨ ਤੋਂ ਅਯੋਗ ਹੋ ਸਕਦੇ ਹੋ। ਇਸ ਉੱਤੇ ਲਾਜ਼ਮੀ ਤੌਰ ਤੇ ਤੁਹਾਡੇ ਡਾਕਟਰ, ਇਕ ਕਾਨੂੰਨੀ ਪ੍ਰਤੀਨਿਧ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ, ਅਤੇ ਗਵਾਹੀ ਪਾਉਣੀ ਚਾਹੀਦੀ ਹੈ। ਫਾਰਮ **justice.qld.gov.au** ਉੱਤੇ ਉਪਲਬਧ ਹਨ।

### ਸਥਾਈ ਮੁਖਤਿਆਰਨਾਮਾ (ਪਾਵਰ ਆਫ ਅਟਾਰਨੀ) (Enduring Power of Attorney)

ਇਹ ਇਕ ਕਾਨੂੰਨੀ ਦਸਤਾਵੇਜ਼ ਹੈ, ਜੋ ਉਸ ਹਾਲਾਤ ਵਿੱਚ ਤੁਹਾਡੇ ਲਈ ਮਹੱਤਵਪੂਰਣ ਫੈਸਲੇ ਲੈਣ ਲਈ ਤੁਹਾਡੀ ਪਸੰਦ ਦੇ ਕਿਸੇ ਵਿਅਕਤੀ ਜਾਂ ਲੋਕਾਂ ਨੂੰ ਨਿਯੁਕਤ ਕਰਦਾ ਹੈ, ਜਦੋਂ ਤੁਸੀਂ ਖੁਦ ਅਜਿਹਾ ਕਰਨ ਦੇ ਅਯੋਗ ਹੁੰਦੇ ਹੋ। ਇਸ ਉੱਤੇ ਲਾਜ਼ਮੀ ਤੌਰ ਉੱਤੇ ਕਿਸੇ ਕਾਨੂੰਨੀ ਪ੍ਰਤੀਨਿਧ ਦੇ ਨਾਲ-ਨਾਲ ਤੁਹਾਡੀ ਪਸੰਦ ਦੇ ਵਿਅਕਤੀ/ਵਿਅਕਤੀਆਂ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਫਾਰਮ **justice.qld.gov.au** ਵਿਖੇ ਉਪਲਬਧ ਹਨ, ਜਾਂ ਆਪਣੇ ਵਕੀਲ ਜਾਂ ਜਨਤਕ ਟਰੱਸਟੀ ਨਾਲ ਗੱਲ ਕਰੋ।

### ਚੋਣਾਂ ਦਾ ਬਿਆਨ (ਸਟੇਟਮੇਂਟ ਆਫ ਚੋਇਸਜ਼) (Statement of Choices)

ਇਹ ਦਸਤਾਵੇਜ਼ ਤੁਹਾਡੀਆਂ ਇੱਛਾਵਾਂ, ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਇਹ ਤੁਹਾਡੇ ਨਜ਼ਦੀਕੀ ਲੋਕਾਂ ਨੂੰ ਲੋੜ ਪੈਣ ਉੱਤੇ, ਤੁਹਾਡੇ ਵੱਲੋਂ ਸਿਹਤ ਸੰਭਾਲ ਦੇ ਫੈਸਲੇ ਲੈਣ ਵਿੱਚ ਮਦਦ ਕਰ ਸਕਦਾ ਹੈ। ਇਹ ਤੁਹਾਡੇ ਅਤੇ ਤੁਹਾਡੇ ਪਿਆਰਿਆਂ ਨੂੰ ਮਨ ਦੀ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਉੱਤੇ ਲਾਜ਼ਮੀ ਤੌਰ ਉੱਤੇ ਡਾਕਟਰ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਫਾਰਮ my**care**my**choices**.com.au ਵਿਖੇ ਉਪਲਬਧ ਹਨ, ਆਪਣੇ ਡਾਕਟਰ (ਜੀਪੀ) ਨਾਲ ਗੱਲ ਕਰੋ, ਜਾਂ ਅਗਾਊਂ ਸੰਭਾਲ ਯੋਜਨਾ ਦੇ ਦਫਤਰ ਨਾਲ ਸੰਪਰਕ ਕਰੋ।

### ਅਗਾਊਂ ਸੰਭਾਲ ਯੋਜਨਾ ਦਾ ਦਫਤਰ

ਅਗਾਊਂ ਸੰਭਾਲ ਯੋਜਨਾ ਦਾ ਦਫਤਰ, ਕੁਈਨਜ਼ਲੈਂਡ ਹੈਲਥ, ਸਾਰੇ ਕੁਈਨਜ਼ਲੈਂਡ ਵਾਸੀਆਂ ਵਾਸਤੇ ਅਗਾਊਂ ਸੰਭਾਲ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਨ ਲਈ ਇਕ ਮੁਫ਼ਤ ਅਤੇ ਗੁਪਤ ਸੇਵਾ ਹੈ, ਜਿਸ ਵਿੱਚ ਸ਼ਾਮਲ ਹਨ:

- ਅਗਾਊਂ ਸੰਭਾਲ ਯੋਜਨਾਬੰਦੀ ਜਾਣਕਾਰੀ ਪੁਲੰਦਾ ਅਤੇ ਫਾਰਮ ਪ੍ਰਦਾਨ ਕਰਨਾ
- ਤੁਹਾਨੂੰ ਸਲਾਹ ਦੇਣਾ ਕਿ ਤੁਹਾਡੇ ਸਥਾਨਕ ਖੇਤਰ ਵਿੱਚ ਅਗਾਊਂ ਸੰਭਾਲ ਯੋਜਨਾਬੰਦੀ ਬਾਰੇ ਕਿਸ ਨਾਲ ਗੱਲ ਕਰਨੀ ਹੈ
- ਤੁਹਾਡੇ ਕੁਈਨਜ਼ਲੈਂਡ ਹੈਲਥ ਮੈਡੀਕਲ ਰਿਕਾਰਡ ਵਿੱਚ ਤੁਹਾਡੇ ਅਗਾਊਂ ਸੰਭਾਲ ਯੋਜਨਾਬੰਦੀ ਦਸਤਾਵੇਜ਼ਾਂ ਦੀਆਂ ਨਕਲਾਂ ਨੂੰ ਸ਼ਾਮਲ ਕਰਨਾ
- ਤੁਹਾਡੇ ਸਾਰੇ ਅਗਾਊਂ ਸੰਭਾਲ ਯੋਜਨਾਬੰਦੀ ਸਵਾਲਾਂ ਦਾ ਜਵਾਬ ਦੇਣਾ।

### ਅਗਾਊਂ ਸੰਭਾਲ ਯੋਜਨਾ ਦੇ ਦਫਤਰ ਨਾਲ ਸੰਪਰਕ ਕਰੋ

1300 007 227

1300 008 227

PO Box 2274, Runcorn Qld 4113

acp@health.qld.gov.au

my**care**my**choices**.com.au

ਕੁਈਨਜ਼ਲੈਂਡ ਵਿੱਚ ਅਗਾਊਂ ਸੰਭਾਲ ਯੋਜਨਾਬੰਦੀ ਬਾਰੇ ਜਾਣਕਾਰੀ ਅਤੇ ਸਰੋਤ ਪ੍ਰਦਾਨ ਕਰਨ ਲਈ ਦਫਤਰੀ ਘੰਟਿਆਂ ਦੌਰਾਨ ਦੁਭਾਸ਼ੀਏ ਦੀ ਸੇਵਾ ਉਪਲਬਧ ਹੈ।

**13 14 50 ਉੱਤੇ ਫੋਨ ਕਰੋ**

Interpreter

- ਬੋਲੀ ਜਾਣ ਵਾਲੀ ਭਾਸ਼ਾ ਦੱਸੋ
- ਅਗਾਊਂ ਸੰਭਾਲ ਯੋਜਨਾ ਦੇ ਦਫਤਰ ਨਾਲ 1300 007 227 ਉੱਤੇ ਜੁੜਣ ਲਈ ਕਹੋ।

# ਮੇਰੀ ਸੰਭਾਲ, ਮੇਰੀਆਂ ਚੋਣਾਂ

Punjabi

ਜੇ ਤੁਸੀਂ ਅਚਾਨਕ ਜ਼ਖਮੀ ਹੋ ਗਏ ਜਾਂ ਗੰਭੀਰ ਰੂਪ ਵਿੱਚ ਬਿਮਾਰ ਹੋ ਗਏ, ਤਾਂ ਡਾਕਟਰੀ ਕਰਮਚਾਰੀਆਂ ਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡੀ ਸਿਹਤ ਸੰਭਾਲ ਨਾਲ ਜੁੜੀਆਂ ਇੱਛਾਵਾਂ ਕੀ ਹਨ?



*ਆਪਣੀ ਭਵਿੱਖ ਦੀ ਸਿਹਤ ਸੰਭਾਲ ਵਾਸਤੇ ਯੋਜਨਾ ਬਨਾਉਣ ਲਈ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਣਾਓ*

my**care**my**choices**.com.au

OACP
Statewide Office of Advance Care Planning

Queensland Government

# ਅਗਾਊਂ ਸੰਭਾਲ ਯੋਜਨਾਬੰਦੀ ਕੀ ਹੈ?

ਅਗਾਊਂ ਸੰਭਾਲ ਯੋਜਨਾਬੰਦੀ ਭਵਿੱਖ ਦੀ ਸਿਹਤ ਸੰਭਾਲ ਵਾਸਤੇ ਤੁਹਾਡੀਆਂ ਤਰਜੀਹਾਂ ਬਾਰੇ ਸੋਚਣ ਅਤੇ ਗੱਲਬਾਤ ਕਰਨ ਦੀ ਪ੍ਰਕਿਰਿਆ ਹੈ। ਅਗਾਊਂ ਸੰਭਾਲ ਯੋਜਨਾਵਾਂ ਦੀ ਵਰਤੋਂ ਉਹਨਾਂ ਸਥਿਤੀਆਂ ਵਿੱਚ ਕੀਤੀ ਜਾਂਦੀ ਹੈ, ਜਿੱਥੇ ਤੁਸੀਂ ਆਪਣੀ ਗੱਲ ਨਹੀਂ ਦੱਸ ਸਕਦੇ ਹੋ।

ਅਗਾਊਂ ਸੰਭਾਲ ਯੋਜਨਾਬੰਦੀ ਸਵੈ-ਇੱਛਾ ਨਾਲ ਹੈ, ਅਤੇ ਇਸ ਵਿੱਚ ਇਹ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ਆਪਣੀਆਂ ਕਦਰਾਂ-ਕੀਮਤਾਂ, ਸਿਹਤ ਸੰਭਾਲ ਵਿਕਲਪਾਂ ਅਤੇ ਜੀਵਨ ਦੀ ਗੁਣਵੱਤਾ ਦੀਆਂ ਚੋਣਾਂ ਬਾਰੇ ਸੋਚਣਾ, ਅਤੇ ਇਨ੍ਹਾਂ ਬਾਰੇ ਉਹਨਾਂ ਨਾਲ ਵਿਚਾਰ-ਵਟਾਂਦਰਾ ਕਰਨਾ, ਜਿੰਨ੍ਹਾਂ ਉੱਤੇ ਤੁਸੀਂ ਭਰੋਸਾ ਕਰਦੇ ਹੋ
- ਲੋੜ ਪੈਣ ਉੱਤੇ, ਤੁਹਾਡੇ ਵੱਲੋਂ ਗੱਲ ਦੱਸਣ ਲਈ ਇਕ, ਜਾਂ ਵਧੇਰੇ, ਫੈਸਲੇ ਲੈਣ ਵਾਲੇ ਵਿਕਲਪਿਕ ਵਿਅਕਤੀਆਂ ਨੂੰ ਨਿਯੁਕਤ ਕਰਨਾ
- ਕਿਸੇ ਦਸਤਾਵੇਜ਼ ਵਿੱਚ ਆਪਣੀਆਂ ਸਿਹਤ ਸੰਭਾਲ ਦੀਆਂ ਤਰਜੀਹਾਂ ਨੂੰ ਲਿਖਣਾ।

ਵਸੀਹਤ ਬਨਾਉਣ ਵਾਂਗ, ਅਗਾਊਂ ਸੰਭਾਲ ਯੋਜਨਾਬੰਦੀ ਭਵਿੱਖ ਲਈ ਯੋਜਨਾਬੰਦੀ ਦਾ ਇਕ ਹਿੱਸਾ ਹੈ।

# ਅੱਗੇ ਦੀ ਯੋਜਨਾ ਕਿਉਂ ਬਨਾਉਣੀ ਹੈ?

ਅਗਾਊਂ ਸੰਭਾਲ ਯੋਜਨਾਬੰਦੀ ਇਹ ਯਕੀਨੀ ਬਣਾ ਸਕਦੀ ਹੈ ਕਿ:

- ਤੁਹਾਨੂੰ ਮਿਲਦਾ ਇਲਾਜ ਅਤੇ ਸੰਭਾਲ ਤੁਹਾਡੀਆਂ ਇੱਛਾਵਾਂ ਨੂੰ ਦਰਸਾਉਂਦਾ ਹੈ
- ਤੁਹਾਡੇ ਪਿਆਰੇ ਜਾਣਦੇ ਹਨ ਕਿ ਜੇ ਉਹਨਾਂ ਨੂੰ ਤੁਹਾਡੇ ਵੱਲੋਂ ਫੈਸਲੇ ਲੈਣੇ ਪੈਣਗੇ ਤਾਂ ਤੁਸੀਂ ਕੀ ਚਾਹੁੰਦੇ ਹੋ
- ਸਿਹਤ ਸੰਭਾਲ ਦੇ ਫੈਸਲੇ ਕੇਵਲ ਉਦੋਂ ਹੀ ਨਹੀਂ ਲਏ ਜਾਂਦੇ ਜਦੋਂ ਕੋਈ ਸੰਕਟ ਵਾਪਰਦਾ ਹੈ।

# ਯੋਜਨਾਬੰਦੀ ਸ਼ੁਰੂ ਕਰਨ ਲਈ ਤਿਆਰ ਹੋ?

## ਪੜਾਅ 1 - ਵਿਚਾਰ-ਵਟਾਂਦਰਾ

ਜੇ ਤੁਸੀਂ ਗੰਭੀਰ ਰੂਪ ਵਿੱਚ ਬਿਮਾਰ ਹੋ ਜਾਂਦੇ ਹੋ ਤਾਂ ਤੁਸੀਂ ਕੀ ਚਾਹੁੰਦੇ ਹੋ, ਇਸ ਬਾਰੇ ਦੱਸਣਾ ਮੁਸ਼ਕਿਲ ਹੋ ਸਕਦਾ ਹੈ, ਪਰ ਉਹ ਲੋਕ ਜਿੰਨਾਂ ਨੂੰ ਤੁਸੀਂ ਪਿਆਰ ਕਰਦੇ ਹੋ ਜੇ ਉਹ ਤੁਹਾਡੀਆਂ ਇੱਛਾਵਾਂ ਨੂੰ ਜਾਣਦੇ ਹਨ, ਤਾਂ ਇਸ ਨਾਲ ਤੁਹਾਨੂੰ ਅਤੇ ਉਨ੍ਹਾਂ ਨੂੰ ਮਨ ਦੀ ਸ਼ਾਂਤੀ ਮਿਲ ਸਕਦੀ ਹੈ।

ਆਪਣੀਆਂ ਭਵਿੱਖ ਦੀਆਂ ਸਿਹਤ ਸੰਭਾਲ ਤਰਜੀਹਾਂ ਬਾਰੇ ਸੋਚਣ ਤੋਂ ਬਾਅਦ:

- ਆਪਣੇ ਡਾਕਟਰ ਨਾਲ ਆਪਣੀਆਂ ਡਾਕਟਰੀ ਸਮੱਸਿਆਵਾਂ ਬਾਰੇ ਅਤੇ ਇਸ ਬਾਰੇ ਵਿਚਾਰ-ਵਟਾਂਦਰਾ ਕਰੋ ਕਿ ਭਵਿੱਖ ਵਿੱਚ ਇਹ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹਨ
- ਆਪਣੇ ਪਰਿਵਾਰ ਅਤੇ ਆਪਣੇ ਨਜ਼ਦੀਕੀਆਂ ਨਾਲ ਆਪਣੀਆਂ ਸਿਹਤ ਸੰਭਾਲ ਤਰਜੀਹਾਂ ਬਾਰੇ ਗੱਲ ਕਰੋ
- ਕਿਸੇ ਵਿਅਕਤੀ/ਉਹਨਾਂ ਲੋਕਾਂ ਨੂੰ ਪੁੱਛੋ ਜਿੰਨ੍ਹਾਂ ਉੱਤੇ ਤੁਸੀਂ ਭਰੋਸਾ ਕਰਦੇ ਹੋ, ਕਿ ਉਹ ਤੁਹਾਡਾ ਬਦਲਵਾਂ ਫੈਸਲਾ ਲੈਣ ਵਾਲਾ/ਵਾਲੇ ਬਣ ਜਾਣ, ਜੇ ਲੋੜ ਪਵੇ ਤਾਂ ਤੁਹਾਡੇ ਵੱਲੋਂ ਫੈਸਲੇ ਲੈ ਸਕਣ।

## ਪੜਾਅ 2 - ਰਿਕਾਰਡ ਕਰੋ

ਹੇਠ ਲਿਖੇ ਦਸਤਾਵੇਜ਼ਾਂ ਵਿੱਚੋਂ ਇਕ ਜਾਂ ਵਧੇਰੇ ਨੂੰ ਪੂਰਾ ਕਰਕੇ ਆਪਣੀਆਂ ਤਰਜੀਹਾਂ ਅਤੇ ਫੈਸਲਿਆਂ ਨੂੰ ਰਿਕਾਰਡ ਕਰੋ:

- ਅਗਾਊਂ ਸਿਹਤ ਨਿਰਦੇਸ਼
- ਸਥਾਈ ਮੁਖਤਿਆਰਨਾਮਾ (ਪਾਵਰ ਆਫ ਅਟਾਰਨੀ)
- ਚੋਣਾਂ ਦਾ ਬਿਆਨ।

ਇਹਨਾਂ ਦਸਤਾਵੇਜ਼ਾਂ ਨੂੰ ਇੱਥੋਂ ਮੁਫ਼ਤ ਵਿੱਚ ਡਾਊਨਲੋਡ ਕਰੋ:
my**care**my**choices**.com.au

## ਪੜਾਅ 3 - ਸਾਂਝਾ ਕਰੋ

ਇਹ ਯਕੀਨੀ ਬਣਾਓ ਕਿ ਤੁਹਾਡੀਆਂ ਦਸਤਾਵੇਜ਼ਾਂ ਦੇ ਰੂਪ ਵਿੱਚ ਸਿਹਤ ਸੰਭਾਲ ਇੱਛਾਵਾਂ, ਉਹਨਾਂ ਲੋਕਾਂ ਨੂੰ ਪਤਾ ਹਨ ਅਤੇ ਉਨ੍ਹਾਂ ਨੂੰ ਉਪਲਬਧ ਹਨ, ਜੋ ਤੁਹਾਡੀ ਦੇਖਭਾਲ ਕਰਦੇ ਹਨ।

ਆਪਣੀਆਂ ਚੋਣਾਂ ਸਾਂਝੀਆਂ ਕਰਨ ਲਈ:

- ਆਪਣੇ ਦਸਤਾਵੇਜ਼ਾਂ ਦੀਆਂ ਨਕਲਾਂ ਉਹਨਾਂ ਲੋਕਾਂ ਨੂੰ ਦਿਓ ਜਿੰਨ੍ਹਾਂ ਉੱਤੇ ਤੁਸੀਂ ਭਰੋਸਾ ਕਰਦੇ ਹੋ (ਜਿਵੇਂ ਕਿ ਪਰਿਵਾਰ ਦੇ ਜੀਅ, ਨਜ਼ਦੀਕੀ ਦੋਸਤ, ਫੈਸਲਾ ਲੈਣ ਵਾਲਾ/ਵਾਲੇ ਤੁਹਾਡਾ ਵਿਕਲਪਿਕ ਵਿਅਕਤੀ) ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤੇ (ਜਿਵੇਂ ਕਿ ਜੀ ਪੀ)

**ਅਤੇ**

- ਕੁਈਨਜ਼ਲੈਂਡ ਹੈਲਥ ਮੈਡੀਕਲ ਰਿਕਾਰਡ ਵਿੱਚ ਸ਼ਾਮਲ ਕੀਤੇ ਜਾਣ ਵਾਸਤੇ ਅਗਾਊਂ ਸੰਭਾਲ ਯੋਜਨਾਬੰਦੀ ਦੇ ਦਫਤਰ ਨੂੰ ਆਪਣੇ ਦਸਤਾਵੇਜ਼ਾਂ ਦੀਆਂ ਨਕਲਾਂ ਪ੍ਰਦਾਨ ਕਰੋ **(ਵਿਕਲਪਾਂ ਵਾਸਤੇ ਵੇਖੋ)**.
- ਆਪਣੇ ਦਸਤਾਵੇਜ਼ਾਂ ਨੂੰ **myhealthrecord.gov.au** ਵਿਖੇ ਆਪਣੇ ਸਿਹਤ ਰਿਕਾਰਡ ਉੱਤੇ ਅੱਪਲੋਡ ਕਰੋ।

## ਪੜਾਅ 4 - ਸਮੀਖਿਆ

ਨਿਯਮਤ ਆਧਾਰ ਤੇ ਆਪਣੇ ਅਗਾਊਂ ਸੰਭਾਲ ਯੋਜਨਾਬੰਦੀ ਦੇ ਦਸਤਾਵੇਜ਼ਾਂ ਦੀ ਸਮੀਖਿਆ ਕਰਨਾ ਮਹੱਤਵਪੂਰਣ ਹੈ, ਖਾਸ ਕਰਕੇ ਜੇ ਤੁਹਾਡੀ ਸਿਹਤ ਦੀ ਸਥਿਤੀ ਬਦਲ ਜਾਂਦੀ ਹੈ, ਜਾਂ ਜੇ ਤੁਸੀਂ ਆਪਣੀਆਂ ਸਿਹਤ ਸੰਭਾਲ ਤਰਜੀਹਾਂ ਨੂੰ ਬਦਲਦੇ ਹੋ।

